# ਸੇਵਾਵਾਂ

- ਜ਼ਾਤੀ, ਪਰਿਵਾਰਿਕ ਅਤੇ/ਜਾਂ ਗਰੁੱਪ ਦੀ ਕਾਊਂਸਲਿੰਗ
- ਕਿਸੇ ਵਕਤ ਵੀ ਆ ਕੇ ਮਿਲ ਸਕਣ ਦੀਆਂ ਸੇਵਾਵਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਾਰਾ ਸਾਲ ਖੁੱਲ੍ਹੀਆਂ ਹਨ।
- ਸਮਾਜਿਕ /ਦਿਲ ਪ੍ਰਚਾਵੇ ਦੀਆਂ ਗਤੀਵਿਧੀਆਂ ਉਹਨਾਂ ਜਗ੍ਹਾਵਾਂ ਤੇ ਅਤੇ ਭਾਈਚਾਰੇ ਵਿੱਚ।
- ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਸੰਬੰਧੀ ਜਾਣਕਾਰੀ ਅਤੇ ਸਿੱਖਿਆ
- ਆਊਟ-ਰੀਚ ਦੇ ਕਾਊਂਸਲਰ (ਵਿਸ਼ੇਸ਼ ਤੌਰ ਤੇ ਕਰਿਸਟਲ ਮੈਥ ਅਤੇ ਨਸ਼ੀਲੇ ਪਦਾਰਥਾਂ ਵੱਲ ਵਧ ਰਹੇ ਰੁਝਾਨ ਸੰਬੰਧੀ)।
- ਹੋਰ ਕਮਯੁਨਿਟੀ ਏਜੰਸੀਆਂ ਨਾਲ ਮੇਲਜੋਲ ਤਾਂ ਜੋ ਨੌਜਵਾਨਾਂ ਨੂੰ ਸਾਰੇ ਸਰੋਤ ਉਪਲਭਦ ਹੋ ਸਕਣ।
- ਵਿਦਡਰਾਲ ਮੈਨੇਜਮੈਂਟ, ਘਰਾਂ ਵਿੱਚ ਹੋ ਸਕਣ ਵਾਲੇ ਇਲਾਜ਼, ਬਾਅਦ ਵਿੱਚ ਸੰਭਾਲ ਕਰਨੀ ਅਤੇ ਹੋਰ ਢੁਕਵੀਆਂ ਸੇਵਾਵਾਂ।

"ਮੇਰੇ ਖਿਆਲ ਵਿੱਚ ਮੇਰੇ ਲਈ ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਸੀ ਕਿ ਮੈਂ ਆਪਣੇ ਪਰਿਵਾਰ ਅਤੇ ਆਪਣੇ ਇਰਦ-ਗਿਰਦ ਦੇ ਲੋਕਾਂ ਦਾ ਦਿਲ ਦੁਖਾਇਆ ਜੋ ਮੈਨੂੰ ਪਿਆਰ ਕਰਦੇ ਸਨ। ਮੈਨੂੰ ਓਹਨਾਂ ਨਾਲ ਕਈ ਵਾਰ ਝੂਠ ਬੋਲਣਾ ਪਿਆ।ਇਮਪੈਕਟ ਵੱਲੋਂ ਸਹਾਇਤਾ ਮਿਲਣ ਪਿੱਛੋਂ ਮੈਨੂੰ ਇਹ ਮਹਿਸੂਸ ਹੋਇਆ ਕਿ ਮੈਂ ਕਿੰਨਾਂ ਇਸ ਵੱਲ ਵਾਪਸ ਪਰਤਨ ਲਈ ਇੱਛਕ ਨਹੀਂ ਹਾਂ। ਮੈਂ ਇਹ ਵੀ ਮਹਿਸੂਸ ਕੀਤਾ ਕਿ ਮੈਂ ਆਪਣੇ ਛੋਟੇ ਭਰਾ ਲਈ ਇੱਕ ਮਿਸਾਲ ਸਾਬਤ ਕਰਨਾ ਚਾਹੁੰਦਾ ਹਾਂ ਅਤੇ ਕਦੇ ਵੀ ਨਹੀਂ ਚਾਹਾਂਗਾ ਕਿ ਉਹ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਿੱਚ ਫਸੇ।"

15 ਸਾਲਾਂ ਦੀ ਇੱਕ ਇਮਪੈਕਟ ਵਿੱਚ ਆਉਣ ਵਾਲਾ ਮਰੀਜ਼

## ਸੋਮਵਾਰ ਤੋਂ ਸ਼ੁੱਕਰਵਾਰ ਤੱਕ ਖੁੱਲ੍ਹਾ

ਸਵੇਰੇ 10:00 ਵਜੇ ਤੋਂ ਸ਼ਾਮ 5:30 ਵਜੇ ਤੱਕ

ਮਹੱਤਵਪੂਰਨ ਦਿਨਾਂ ਵੇਲੇ ਘੰਟਿਆਂ ਦਾ ਸਮਾਂ ਬਦਲ ਸਕਦਾ ਹੈ

# ਸਕੂਲਾਂ ਵਿੱਚ ਉਪਲਭਦ ਸੇਵਾਵਾਂ

- ਸਕੂਲਾਂ ਵਿੱਚ ਦਰਸ਼ਨੀਅਤਾ ਵਧਾਉਣ ਦੇ ਜ਼ਰੀਏ ਦੀ ਸ਼ੁਰੂਆਤ ਅਧਿਆਪਕਾਂ, ਪ੍ਰਸ਼ਾਸਕਾਂ, ਸਕੂਲ ਕਾਊਂਸਲਰਾਂ ਅਤੇ ਯੂਥ - ਵਰਕਰਾਂ ਦੀ ਮੰਗ ਤੇ ਸ਼ੁਰੂ ਕੀਤੀ ਗਈ
- ਪਰਸਪਰ ਪ੍ਰਭਾਵਸ਼ਾਲੀ ਬਚਾਓ ਸੰਬੰਧੀ ਅਤੇ ਸਿੱਖਿਆਤਮਕ ਪ੍ਰਦਰਸ਼ਨੀ ਅਤੇ ਗਰੁੱਪ
- ਸਕੂਲ ਦੇ ਸਮੇਂ ਦੌਰਾਨ ਸਕੂਲ ਦੇ ਮੈਦਾਨ ਵਿੱਚ ਇੱਕ-ਨਾਲ-ਇੱਕ ਕਾਊਂਸਲਿੰਗ
- ਵਿਦਿਆਰਥੀਆਂ ਲਈ ਇੱਕ ਸਿੱਖਿਆ ਦਾ ਪ੍ਰੋਗਰਾਮ ਜਿਸ ਵਿੱਚ ਨਸ਼ੀਲੇ ਪਦਾਰਥਾਂ ਦੇ ਸਿਲਸਿਲੇ ਵਿੱਚ ਸਕੂਲ ਵਿੱਚੋਂ ਕੱਢੇ ਜਾਣ ਦੀ ਜਾਣਕਾਰੀ

## ਇਮਪੈਕਟ ਨੂੰ ਆਪਣਾ ਯੋਗਦਾਨ ਦਿਓ

ਮੈਟਸਕਯੁਈ ਐਬਟਸਫੋਰਡ ਇਮਪੈਕਟ ਸੋਸਾਇਟੀ ਇੱਕ ਰਜਿਸਟਰਡ, ਚੈਰੀਟੇਬਲ ਅਤੇ ਨੌਨ-ਪਰੌਫਿਟ ਸੰਸਥਾ ਹੈ।ਅਸੀਂ ਖੁੱਲ੍ਹੇ ਦਿਲੀ ਨਾਲ ਦਾਨ ਦੇਣ ਵਾਲਿਆਂ ਦੇ ਯੋਗਦਾਨ ਤੇ ਨਿਰਭਰ ਕਰਦੇ ਹਾਂ ਤਾਂ ਕਿ ਅਸੀਂ ਆਪਣੇ ਦਰਵਾਜ਼ੇ ਉਹਨਾਂ ਲੋਕਾਂ ਲਈ ਖੁੱਲ੍ਹੇ ਰੱਖ ਸਕੀਏ ਜਿੰਨ੍ਹਾਂ ਨੂੰ ਸਾਡੀ ਲੋੜ ਹੈ।ਯੋਗਦਾਨ ਬਹੁਤ ਖੁਸ਼ੀ ਨਾਲ ਸਵੀਕਾਰ ਕੀਤਾ ਜਾਂਦਾ ਹੈ ਅਤੇ ਟੈਕਸ ਰਸੀਦਾਂ ਵੀ ਦਿੱਤੀਆਂ ਜਾਂਦੀਆਂ ਹਨ।

ਯੋਗਦਾਨ ਦੇਣ ਲਈ ਕਿਰਪਾ ਕਰਕੇ ਹੇਠ ਲਿਖੇ ਫੋਨ ਨੰਬਰ ਤੇ ਕਾਲ ਕਰੋ:

**604-853-1766**

ਜਾਂ ਆਪਣਾ ਚੈਕ ਜਾਂ ਮਨੀਆਰਡਰ ਹੇਠ ਲਿਖੇ ਪਤੇ ਤੇ ਭੇਜੋ:

**Matsqui Abbotsford Impact Society**
**33228 Walsh Avenue**
**Abbotsford, BC V2S 1Z8**

# ਨਸ਼ਿਆਂ ਨਾਲ ਪ੍ਰਭਾਵਿਤ

ਇਮਪੈਕਟ ਤੋਂ ਸਹਾਇਤਾ ਲੈਣ ਲਈ ਤੁਹਾਨੂੰ ਆਪਣੇ ਆਪ ਨੂੰ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਦੀ ਸਿੱਧੀ ਸਮੱਸਿਆ ਦਾ ਸ਼ਿਕਾਰ ਹੋਣਾ ਜ਼ਰੂਰੀ ਨਹੀਂ। ਜੇ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ, ਮਿੱਤਰ ਜਾਂ ਕਿਸੇ ਹੋਰ ਵਿਅਕਤੀ ਦੇ ਨਸ਼ਿਆਂ ਦੇ ਕਾਰਨ ਤੁਸੀਂ ਪਰੇਸ਼ਾਨ ਹੋ ਜਾਂ ਤੁਹਾਨੂੰ ਸਮੱਸਿਆ ਹੈ ਤਾਂ ਵੀ ਅਸੀਂ ਤੁਹਾਨੂੰ ਸਹਾਰਾ ਪ੍ਰਦਾਨ ਕਰ ਸਕਦੇ ਹਾਂ।

"ਮੇਰਾ ਪਿਤਾ ਹਰ ਵਕਤ ਸ਼ਰਾਬ ਅਤੇ ਕੋਕੇਨ ਅਤੇ ਸ਼ਾਇਦ ਹੋਰ ਸਾਰੀਆਂ ਚੀਜ਼ਾਂ ਦਾ ਸੇਵਨ ਕਰਨ ਵਾਲਾ ਹੈ, ਅਤੇ ਇਹ ਆਦਤ ਉਸ ਨੂੰ ਪਿਛਲੇ 10 ਸਾਲਾਂ ਤੋਂ ਲੱਗੀ ਹੋਈ ਹੈ। ਤੁਹਾਡਾ ਬਹੁਤ ਧੰਨਵਾਦ ਹੈ ਕਿ ਤੁਸੀਂ ਇਹ ਸਮਝਾਇਆ ਕਿ ਨਸ਼ੀਲੇ ਪਦਾਰਥਾਂ ਦਾ ਸੇਵਨ ਛੱਡਣਾ ਕਿੰਨਾ ਮੁਸ਼ਕਿਲ ਹੈ ਅਤੇ ਕਿਸ ਤਰ੍ਹਾਂ ਚੀਕਾਂ ਮਾਰਨ ਅਤੇ ਤਰਲੇ ਕੱਢਣ ਦਾ ਕੋਈ ਫਾਇਦਾ ਨਹੀਂ ਹੁੰਦਾ। ਇਹ ਇੱਕ ਸਭ ਤੋਂ ਵਧੀਆ ਪ੍ਰੋਗਰਾਮ ਹੈ ਅਤੇ ਇਸ ਨਾਲ ਲਾਜ਼ਮੀ ਤੌਰ ਤੇ ਮੈਨੂੰ ਫਾਇਦਾ ਪਹੁੰਚਿਆ ਹੈ।"

15 ਸਾਲਾਂ ਦਾ ਇੱਕ ਭਾਗ ਲੈਣ ਵਾਲਾ ਵਿਅਕਤੀ



# ਇਮਪੈਕਟ ਕੀ ਹੈ?

ਇਮਪੈਕਟ ਇੱਕ ਪ੍ਰੋਗਰਾਮ ਹੈ ਜਿਹੜਾ ਕਿ ਅਜੇਹੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਹੜੇ ਕਿ ਸਿੱਧੇ ਜਾਂ ਅਸਿੱਧੇ ਤੌਰ ਤੇ ਨਸ਼ਿਆਂ ਦੀ ਕੋਵਰਤੋਂ ਨਾਲ ਪੈਦਾ ਹੋਈਆਂ ਸਮੱਸਿਆਵਾਂ ਦਾ ਸ਼ਿਕਾਰ ਹੋਏ ਹਨ।




# ਸਾਡਾ ਦਾਰਸ਼ਨਿਕ ਸਿਧਾਂਤ

- ਅਸੀਂ ਇਹ ਸਮਝਦੇ ਹਾਂ ਕਿ ਨਸ਼ੇ ਦੀ ਕੁਵਰਤੋਂ ਕਰਕੇ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਇੱਕ ਬਹੁਤ ਹੀ ਗੁੰਝਲਦਾਰ ਗੱਠ-ਜੋੜ ਦਾ ਨਤੀਜਾ ਹਨ ਜੋ ਕਿ ਮਾਨਸਿਕ, ਦਾਰਸ਼ਨਿਕ ਅਤੇ ਸਮਾਜਿਕ ਕਾਰਣਾਂ ਕਰਕੇ ਉੱਭਰਦੀਆਂ ਹਨ, ਜੋ ਕਿ ਹਰ ਵਿਅਕਤੀ ਲਈ ਅਲੱਗ ਕਿਸਮ ਦੇ ਹੁੰਦੇ ਹਨ।
- ਅਸੀਂ ਇਹ ਵੇਖਦੇ ਹਾਂ ਕਿ ਨੌਜਵਾਨ ਆਪਣੀ ਜ਼ਿੰਦਗੀ ਦੇ ਆਪ ਮਾਹਰ ਹਨ, ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਅਤੇ ਮੌਕਿਆਂ ਨਾਲ ਆਪਣੇ ਆਪ ਨਜਿੱਠ ਸਕਦੇ ਹਨ।
- ਅਸੀਂ ਇਹ ਸਮਝਦੇ ਹਾਂ ਕਿ ਅਸੀਂ ਉਹਨਾਂ ਦੀ ਜ਼ਿੰਦਗੀ ਵਿੱਚ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਕੁਵਰਤੋਂ ਕਰਕੇ ਉਹਨਾਂ ਦੀ ਜ਼ਿੰਦਗੀ ਤੇ ਹੋ ਰਹੇ ਬੁਰੇ ਅਸਰ ਅਤੇ ਪ੍ਰਭਾਵ ਨੂੰ ਘੱਟ ਕਰਨ ਜਾਂ ਖਤਮ ਕਰਨ ਵਿੱਚ ਉਹਨਾਂ ਦੀਆਂ ਆਪਣੀਆਂ ਹੀ ਯੋਜਨਾਂਵਾਂ ਤਿਆਰ ਕਰਨ ਅਤੇ ਲਾਗੂ ਕਰਨ ਵਿੱਚ ਉਹਨਾਂ ਦੀ ਮੱਦਦ ਕਰ ਸਕੀਏ।
- ਅਸੀਂ ਇਹ ਸਮਝਦੇ ਹਾਂ ਕਿ ਸਹੀ ਅਤੇ ਪੱਕੇ ਇਰਾਦੇ ਵਾਲਾ ਬਦਲਾਓ ਮੁਨਾਸਿਬ ਹੈ, ਚਾਹੇ ਹਾਲਾਤ ਕਿਹੋ ਜਿਹੇ ਵੀ ਹੋਣ।

IMPACT

33228 Walsh Avenue
Abbotsford, BC V2S 1Z8

Phone: 604-853-1766
Fax: 604-853-1793

impactasap@telus.net
www.impactabby.com




ਇਮਪੈਕਟ

IMPACT

## ਨਸ਼ੇ ਦੀ ਆਦਤ ਅਤੇ ਉਸ ਦੀ ਰੋਕਥਾਮ ਦੀਆਂ ਨੌਜਵਾਨਾਂ ਵਾਸਤੇ ਸੇਵਾਵਾਂ: ਉਮਰ 12 ਤੋਂ 24 ਸਾਲ ਤੱਕ

